# B-40 ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਵਾਰਤਕ ਕਲਾ

B-40 ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਮੱਧਕਾਲੀਨ ਪੰਜਾਬੀ ਵਾਰਤਕ ਦਾ ਇੱਕ ਉੱਤਮ ਨਮੂਨਾ ਪੇਸ਼ ਕਰਦੀ ਹੈ। ਇਸ ਜਨਮਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਦੇ ਵਿਅਕਤੀ ਚਿੱਤਰ ਨੂੰ ਬੜੇ ਪ੍ਰਭਾਵਸ਼ਾਲੀ ਅੰਦਾਜ਼ ਵਿਚ ਰੂਪਮਾਨ ਕੀਤਾ ਗਿਆ ਹੈ। ਲੇਖਕ ਨੇ ਪੁਰਾਣ-ਸਾਖੀਆਂ ਅਤੇ ਨਾਟਕ-ਕਥਾਵਾਂ ਵਿੱਚੋਂ ਵਿਕਸਿਤ ਹੋਈ ਗੱਦ-ਸ਼ੈਲੀ ਨੂੰ ਗੁਰੂ-ਬਾਬੇ ਦੇ ਚਰਿਤ੍ਰ-ਨਿਰਮਾਣ ਲਈ ਬ-ਖ਼ੂਬੀ ਵਰਤਿਆ ਹੈ।

ਡਾ. ਪਿਆਰ ਸਿੰਘ ਅਨੁਸਾਰ,

"ਆਪਣੇ ਬੋਲਾਂ ਤੇ ਵਿਸ਼ੈ-ਨਿਭਾਉ ਤੇ ਵਿਸ਼ੈ
ਨਿਭਾ ਵਿੱਚ ਇਹ ਰਚਨਾ 'ਪੁਰਾਤਨ ਜਨਮਸਾਖੀ'
ਅਤੇ 'ਮਿਹਰਬਾਨ ਵਾਲੀ' ਨਾਲ ਦਾ ਹੀ
ਰਲਵਾਂ ਵਟਿਆ ਰੂਪ ਹੈ। ਬਹੁਤ ਸਾਰੇ
ਟੋਟੇ ਆਪਸ ਵਿੱਚ ਇੰਨੇ ਰਲਦੇ
ਹਨ ਕਿ ਇਨ੍ਹਾਂ ਨੂੰ ਕਿਸੇ ਸਾਂਝੇ ਸਰੋਤ
ਤੋਂ ਆਇਆ ਮੰਨਣ ਤੋਂ ਸਿਵਾਇ
ਹੋਰ ਕੋਈ ਚਾਰਾ ਨਹੀਂ ਰਹਿੰਦਾ।"

ਪ੍ਰੋ. ਪੂਰਨ ਸਿੰਘ ਅਨੁਸਾਰ,

"ਇਹ ਇਕ ਇਸਤ੍ਰੀ ਹੈ ਜਿਹੜੀ ਕੋਈ
ਵੱਡਾ ਚਰਖਾ ਪਿੱਪਲ ਹੇਠ ਬੈਠ ਕੇ
ਕੱਤੀ ਜਾਂਦੀ, ਕੇਸ ਖੋਲ੍ਹਿਆਂ ਤੇ ਸੁੱਕੀ
ਮਿੱਠੀਆਂ ਮਿੱਠੀਆਂ ਗੱਲਾਂ ਕਰ ਰਹੀ
ਹੈ ਤੇ ਇਸਤ੍ਰੀ ਗੁਰੂ ਦਾ ਰਸ ਦੱਸਦੇ-
ਦੱਸਦੇ ਇਕਦੇ ਬਣ ਕੇ ਆਪਸ਼ਰੀਰ
ਰਹਿ ਜਾ ਰਹੇ ਹਨ, ਅਸਮਾਂ ਤੇ
ਸਾਹਿਤ ਦਾ ਸੀਰ ਪੈ ਰਿਹਾ ਹੋਵੇ"
(ਖੁੱਲ੍ਹੇ ਲੇਖ, ਪੰਨਾ 182)

Scanned with OKEN Scanner

ਪ੍ਰ-੫੦ ਜਨਮਸਾਖੀ ਦੀ ਬਿਰਤਾਂਤ ਰਚਨਾ ਸੰਬੰਧੀ ਜੁਗਤਾਂ ਹੇਠ ਲਿਖੇ ਅਨੁਸਾਰ ਹੈ:-

(ੳ) ਨਾਟਕੀਅਤਾ:- ਜਨਮਸਾਖੀਕਾਰ ਆਪਣੀਆਂ ਸਾਖੀਆਂ ਵਿਚ ਪ੍ਰਸਤੁਤ ਬਿਰਤਾਂਤ ਨੂੰ ਨਾਟਕੀ ਅੰਦਾਜ਼ ਵਿਚ ਕਥੋਪਕਥਨ (ਵਾਰਤਾਲਾਪਮਈ ਸ਼ੈਲੀ) ਦੇ ਮਾਧਿਅਮ ਦੁਆਰਾ ਬਿਆਨ ਕਰਦਾ ਹੈ। ਉਸਨੇ ਆਪਣੇ ਪਾਤਰਾਂ ਦੇ ਹਾਵਾਂ-ਭਾਵਾਂ ਅਤੇ ਬੋਲ-ਬਾਣੀ ਨੂੰ ਇਕ ਕੁਸ਼ਲ ਨਾਟਕਕਾਰ ਵਾਂਗ ਇਸ ਕਲਾਤਮਕ ਵਿਧੀ ਦੁਆਰਾ ਬਿਆਨ ਕੀਤਾ ਹੈ ਕਿ ਸਾਖੀਆਂ ਵਿਚ ~~ਪ੍ਰਸਤੁਤ~~ ਪ੍ਰਸਤੁਤ ਬਿਰਤਾਂਤ ਪਾਠਕਾਂ ਦੇ ਸਨਮੁੱਖ ਇਕ ਪੂਰੀ ਤਰ੍ਹਾਂ ~~ਤਰ੍ਹਾਂ~~ ਨਾਲ ਸਾਕਾਰ ਹੋ ਜਾਂਦਾ ਹੈ। ਜਿਵੇਂ:

ਤਾ ਗੁਰਮੁਖੀ ਬਾਣੀ ਵਿਚ ਪੰਜਾਬੁ ਕੀ ਪਰਤੀ ਆਖਿਆ॥
ਤਲਵੰਡੀ ਰੋਗਾ ਵੇਰੁ ਤੇਰੂ ਉਜਾੜਿ ਵਿਚ ਆਇ ਬੈਠਾ॥
ਇਕ ਪਰੀ ਸਿਰ ਕੇ ਸੁਰਜਨ ਅਰਦਾਸਿ ਕੀਤੀ।
ਜੀ ਪਾਤਸਾਹਿ ਸੰਤੁ ਰਖਸ ਹੋਇ ਤਾ ਪਰਿਕੀ
ਪੁਰਖ ਫਰਿ ਆਖਿਆ॥ ਏਥਾ ਸਾਤੇ ਆਦਮੀ ਰਹੇ
ਹੈ ਕੇ ਸਭ ਸੁਏ ਹੈਨਿ॥ ਤਬ ਬਾਬਾ ਹਸਿਆ॥
ਜੇਸਿ ਵੀਰ ਆਖਿਓਸੁ ਸਰਦਾਰਿਆ ਤੇਰੇ ਆਦਮੀ
ਸਭਿ ਰਹੇ ਤਾ ਅਸੀ ਸੰਸਾਰ ਵਿਚਿ ਕਰਿ ਰਖਹਿਗੇ॥
ਪਰ ਤੇਰੇ ਆਤਸੇ ਆਵਦੀ ਹੈ ਤਾ ਤੂੰ ਜਾਹਿ॥ ਸਿਖ
ਅਹਿ॥ ਪਰ ਅਸਾਤਾ ਨਾਉ ਲੈਦੇ ਨਾਹੀ॥
ਤਬ ਸਰਦਾਰਾ ਪੈਰੀ ਪੈਇ ਕਰ ਤਲਵੰਡੀ ਆਇਆ॥
(ਸੰਕੇਟ ਸਾਤਾ ਪਿਤਾ ਨਾਲਿ)

ਅ) ਵਿਅੰਗਾਤਮਕ ਸੁਰ:- ਗੁਰੂ ਨਾਨਕ ਦੇਵ ਜੀ ਦੀ ਮਹਿਮਾ ਵਿਸ਼ਥਾਰਨ ਅਤੇ ਵਡਿਆਈ ਨੂੰ ਸਥਾਪਿਤ ਕਰਨ ਲਈ ਜਨਮਸਾਖੀਕਾਰ ਨੇ ਗੁਰੂ ਸਾਹਿਬ ਦੀ ਵਿਅੰਗ ਬਾਣੀ ਨੂੰ ਵਿਸ਼ੇਸ਼ ਵਰਤਿਆ ਹੈ। ਗੁਰੂ ਸਾਹਿਬ ਦੇ ਜੁਗ ਵਿਚ ਵਹਿਮਾਂ-ਭਰਮਾਂ, ਕਰਮਕਾਂਡਾਂ ਅਤੇ ਫੋਕਟ ਧਰਮਾਂ ਦਾ ਬਾਜ਼ਾਰ ਗਰਮ ਸੀ। ਧਾਰਮਿਕ ਖੇਤਰ ਦੀ ਅਜਿਹੇ ਸੋਸ਼ਣ ਤੇ ਅਗਿਆ

ਨਹੀਂ ਸੀ ਕਿਹਾ। ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਸੰਸਾਰਕ ਰਾਜਨ ਵਾਲੀਆਂ ਪੀਰਾਂ, ਬ੍ਰਾਹਮਣਾਂ, ਕਾਜ਼ੀ, ਮੌਲਵੀਆਂ, ਦਰਬਾਰੀ, ਅਤੇ ਰਾਜੇ ਰਜਵਾੜਿਆਂ ਦੀ ਜੀਵਨ-ਸ਼ੈਲੀ ਉੱਪਰ ਬੜੇ ਸਾਰਥਕ ਵਿਅੰਗ ਕਰਦੇ ਹਨ। ਇਸ ਪ੍ਰਸੰਗ ਵਿੱਚ ਗੁਰੂ ਸਾਹਿਬ ਨਾਲ ਸੰਬੰਧਿਤ ਇਕ ਸਾਖੀ ਦੇ ਕੁਝ ਅੰਸ਼ ਦੇਖੋ :

ਮਕੇ ਦੀ ਮਸੀਤਿ ਵਿਚਿ ਬਾਬਾ ਪੈਰੀਆਂ ਨੰਗਾਂ ਮਿਹਰਾਬ ਦੀ ਤਰਫ਼ ਕਰਿ ਕੇ ਸੁਤਾ ਥਾ।। ਤਬ ਇਕੁ ਮੁਲਾ ਮਜਾਵਰੁ ਮਸੀਤਿ ਦਾ ਆਇਆ ਨਿਵਾਜ਼ੀਆਂ ਆਖਿਓਸੁ ਉਸ ਦੇ ਸਰਦ ਖੁਦਾਇ ਕੇ ਘਰਿ ਵਲਿ ਪੈਰ ਕੀਤੇ ਕਰ ਕੇ ਕਿਉ ਸੁਤਾ ਹੈ ਤਾਂ ਬਾਬੇ ਕਹਿਆ ਅਸੂਨ (ਫ਼ਰਿਸ਼ਤਿਆਂ ਕਾ ਵਾਸਾ) ਜੀ ਜਿਤੁ ਵਲਿ ਖੁਦਾਇ ਨਾਹੀ ਤਿਤੁ ਵਲਿ ਮੇਰੇ ਪੈਰ ਕਰ ਛੋਡ।। ਤਬ ਉਨਿ ਮੁਲਾ ਪੈਰ ਬਾਬੇ ਦੇ ਉਤਰ ਕੀ ਤਰਫ਼ ਕੀਤੇ।। ਤਾ ਮਿਹਰਾਬੁ ਕਾ ਮੁਹਰਾ (ਮੂੰਹ) ਉਸੀ ਵਲਿ ਹੋਇ ਗਇਆ।। ਜਬ ਮੁਲਾ ਪੈਰ ਬਾਬੇ ਕੇ ਦੱਖਣ ਕੀ ਵਲਿ ਕੀਤੇ ਤਾ ਮਿਹਰਾਬੁ ਉਸੀ ਤਰਫ਼ ਹੋਇਆ।। ਤਬ ਸਰਬਤ ਸੀ ਆਵਾਜ਼ ਗੈਬ (ਰੱਬੀ) ਦੀ ਗੁਸ਼ਗੁਸ਼ਾ (ਸ਼ੋਰ) ਉਠਿਆ ਜੁ ਵਾਹੁ ਨਾਨਕ ਵਾਹੁ ਨਾਨਕ।।
(ਮੱਕਾ ਫੇਰਿਆ)

3) ਗੁਰਬਾਣੀ ਦੀਆਂ ਟੂਕਾਂ ਤੇ ਪ੍ਰਮਾਣ :→ ਜਨਮਸਾਖੀਆਂ ਦੇ ਰਚਨਾ-ਕਾਰ ਦੀ ਇਕ ਹੋਰ ਖੂਬੀ ਗੁਰੂ ਸਾਹਿਬ ਦੇ ਜੀਵਨ ਵਿਚ ਵਾਪਰੀ ਹਰ ਘਟਨਾ ਨੂੰ ਗੁਰਬਾਣੀ ਦੀਆਂ ਟੂਕਾਂ ਨਾਲ ਪ੍ਰਮਾਣਿਤ ਕਰਨਾ ਹੈ। ਬੀ-40 ਜਨਮਸਾਖੀ ਵਿਚ ਵੀ ਇਸ ਜੁਗਤ ਦਾ ਭਰਪੂਰ ਪ੍ਰਯੋਗ ਹੋਇਆ ਹੈ। ਇਥੇ ਤਕ ਕਿ ਗੁਰੂ ਸਾਹਿਬ ਦੇ ਬਾਲਪਨ ਨਾਲ ਸੰਬੰਧਿਤ ਸਾਖੀਆਂ ਵਿਚ ਵੀ ਸਾਖੀਕਾਰ ਨੇ ਗੁਰੂ ਸਾਹਿਬ ਨੂੰ ਬਾਣੀ ਦਾ ਉਚਾਰਣ ਕਰਦਿਆਂ

ਦਿਖਾਇਆ ਹੈ। ਇਸ ਪ੍ਰਸੰਗ ਵਿਚ ਸਾਖੀਕਾਰ ਦੀ ਮਨਸ਼ਾ ਜੋ ਵੀ ਰਹੀ ਹੋਵੇ, ਇਸ ਵਿਚੋਂ ਏਨਾ ਕੁ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਦੀ ਸਮੁੱਚੀ ਬਾਣੀ, ਜਿਸ ਨਾ ਕਿਸੇ ਦ੍ਰਿਸ਼ਟੀਕੋਣ ਪਰਖਣਾ ਨੂੰ ਸਾਹਮਣੇ ਰੱਖ ਕੇ ਉਚਾਰੀ ਗਈ ਹੈ ਅਤੇ ਇਹੋ ਗੁਰਬਾਣੀ ਦੇ ਸੰਦਰਭਸਥਾਂ ਦਾ ਬੋਧ ਹੋ ਜਾਂਦਾ ਹੈ। ਜਿਸ ਨੂੰ ਅੰਕਿਤ ਸਾਖੀ ਵਿਚ ਪਿਤਾ ਮਹਿਤਾ ਕਾਲੂ ਅਤੇ ਗੁਰੂ ਨਾਨਕ ਦੇਵ ਜੀ ਦੀ ਆਪਸੀ ਵਾਰਤਾਲਾਪ ਦੁਆਰਾ ਹੈ। ਪਿਤਾ, ਗੁਰੂ ਸਾਹਿਬ ਨੂੰ ਖੇਤੀਬਾੜੀ ਦਾ ਕੰਮ ਸੰਭਾਲਣ ਲਈ ਕਹਿੰਦਾ ਹੈ ਤਾਂ ਗੁਰੂ ਸਾਹਿਬ ਉੱਤਰ ਦਿੰਦੇ ਹਨ ਕਿ ਇਹ ਕੰਮ ਤਾਂ ਉਨ੍ਹਾਂ ਨੇ ਜਿਹੜਾ ਸ਼ੁਰੂ ਕਰ ਰੱਖਿਆ ਹੈ। ਦੇਖੋ :

> ਤਬ ਬਾਬਾ ਨਾਨਕ ਬੋਲਿਆ ਪਿਤਾ ਜੀ ਅਸੀਂ ਖੇਤੀ ਸਚ ਵਾਹੀ ਹੈ।। ਅਤੇ ਤਰਫ਼ੀ ਜੰਮੀ ਹੈ।। ਨਿਸਾਫ਼ ਪਾਸੋਂ ਤਕੀ ਹੈ।। ਤਬ ਕਾਲੂ ਕਹਿਆ ਬਚਾ ਅਸੀਂ ਤੇਰੀ ਖੇਤੀ ਕਦੀ ਡਿਠਿਆ ਨਾਹੀ ਕਿਥੋਂ ਜਾਣੀਐ ਤੂੰ ਕਿਆ ਕਰਦਾ ਹੈ।। ਤਬ ਨਾਨਕ ਆਖਿਆ ਪਿਤਾ ਜੀ ਅਸਾ ਉਹ ਖੇਤੀ ਵਾਹੀ ਹੈ ਤੂੰ ਆਪੇ ਸੁਣੇਗਾ।। ਤਾ ਬਾਬੇ ਇਕੁ ਸਬਦੁ ਸੋਰਠਿ ਵਿਚ ਉਠਾਇਆ।। ਰਾਗ ਸੋਰਠਿ।। ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ। ਨਾਮ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ।।
>
> (ਖੇਤੀ, ਵਣਜ, ਸੌਦਾਗਰੀਆਂ)

5) ਹਸ ਰਸ :- ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਦੇ ਵਿਸ਼ਲੇਸ਼ਣ ਕਰਨ ਤੇ ਇਸ ਤੱਥ ਦਾ ਵੀ ਬੋਧ ਹੋ ਜਾਂਦਾ ਹੈ ਕਿ ਆਪ ਹਾਸ-ਵਿਨੋਦ ਨੂੰ ਕਾਫ਼ੀ ਪਸੰਦ ਕਰਦੇ ਸਨ। ਆਪ ਨੂੰ ਜਦੋਂ ਵੀ ਕੋਈ ਪਦਾਰਥਵਾਦੀ ਜਾਂ ਮਾਇਆਧਾਰੀ ਰੁਚੀਆਂ ਵਿਚ ਗਲਤਾਨ ਵਿਅਕਤੀ ਮਿਲਦੇ ਸੀ ਤਾਂ ਆਪ ਉਸਦੇ ਅਗਿਆਨ ਉਪਰ ਖੁਲ ਕੇ ਹੱਸਦੇ ਸਨ। ਅਜਿਹਾ ਹਸ ਰਸ ਅਤਿਅੰਤ ਵਿਸ਼ਵਾਸ ਰੱਖਣ ਵਾਲੇ ਵਿਅਕਤੀਆਂ ਦੀ ਸ਼ਖ਼ਸੀਅਤ ਵਿਚ ਹੀ

ਦੇਖਿਆ ਜਾ ਸਕਦਾ ਹੈ। ਇਕ ਵਾਰ ਮਰਦਾਨਾ ਕਿਸੇ ਪਿੰਡ ਜਾਂਦਾ ਹੈ ਤਾਂ ਉਥੋਂ ਦੇ ਲੋਕ ਉਸਦਾ ਬੜਾ ਸਤਿਕਾਰ ਕਰਦੇ ਹਨ ਅਤੇ ਬਹੁਤ ਸਾਰੀਆਂ ਭੇਟਾਂ (ਤੋਹਫਿਆਂ) ਨਾਲ ਉਸਨੂੰ ਮਾਲਾਮਾਲ ਕਰ ਦਿੰਦੇ ਹਨ। ਮਰਦਾਨਾ ਇਹਨਾਂ ਸਭ ਵਸਤਾਂ ਦੀ ਪੰਡ ਬੰਨ੍ਹ ਕੇ ਗੁਰੂ ਸਾਹਿਬ ਪਾਸ ਲੈ ਆਉਂਦਾ ਹੈ ਤਾਂ ਗੁਰੂ ਸਾਹਿਬ ਉਸਦੀ ਇਹ ਹਾਲਤ ਦੇਖ ਕੇ ਬਹੁਤ ਹਸਦੇ ਹਨ:

ਬਾਬੈ ਦੀ ਖੁਸੀ ਹੋਈ ਮਰਦਾਨਾ ਇਕੁ ਪਿੰਡੁ ਸਹਰ ਨੋ ਗਇਆ॥ ਜਾ ਗਇਆ ਤਾਂ ਪੰਜੀਹ ਕਪੜੇ ਪੀੜ ਬੰਨਿ ਕੈ ਲੈ ਆਇਆ॥ ਬਾਬਾ ਲਗਾ ਹਸਣਿ। ਹੈਰਾਨ ਹੋਆ॥ ਬਾਬੇ ਪਾਸਿ ਮਰਦਾਨਾ ਕਪੜੇ ਪੰਜੀਹ ਲੈ ਆਇਆ॥ ਬਾਬਾ ਦੇਖੈ ਤਾਂ ਬੀਹੀ ਪੀੜ ਸਦੀ ਆਵਦੀ ਹੈ। ਤਬ ਬਾਬੇ ਆਖਿਆ ਮਰਦਾਨਿਆ ਕਿਆ ਆਂਦਾ ਹੈ॥ ਤਬ ਮਰਦਾਨੇ ਆਖਿਆ ਜੀ ਸਚੇ ਪਾਤਸਾਹ ਮੈਂ ਆਖਿਆ ਜੋ ਇਹ ਵਸਤ ਕਪੜੇ ਬਾਬੇ ਪਾਸਿ ਲੈ ਜਾਈ॥ ਤਬ ਗੁਰੂ ਬੋਲਿਆ ਮਰਦਾਨਿਆ ਆਹੇ ਤੁਧੁ ਕੀਤੇ ਪਰ ਏਹੁ ਅਸਾਡੇ ਕਿਤੇ ਕੰਮ ਨਾਹੀ॥ (ਉਪਰਲੀ ਪੰਗਤੀਆਂ ਦੀ ਬਸਤੀ)

5 ਅਲੰਕਾਰ :- ਜਨਮਸਾਖੀਕਾਰ ਦਾ ਬਿਆਨ ਅਲੰਕਾਰਿਕ ਹੈ। ਉਹ ਗੁਰੂ ਬਾਬੇ ਦੇ ਜੀਵਨ ਨਾਲ ਸੰਬੰਧਤ ਘਟਨਾਵਾਂ ਨੂੰ ਪਾਠਕਾਂ ਦੇ ਮਨ ਵਿਚ ਸਥਿਰ ਕਰਵਾਉਣ ਅਲੰਕਾਰਿਕ ਸ਼ੈਲੀ ਦਾ ਪ੍ਰਯੋਗ ਕਰਦਾ ਹੈ। ਅਨੁਪ੍ਰਾਸ ਅਲੰਕਾਰ ਦਾ ਪ੍ਰਯੋਗ ਸਰਵਾਧਿਕ ਹੋਇਆ ਹੈ। ਇਸ ਅਲੰਕਾਰ ਨਾਲ ਰੌਚਕ ਸ਼ੈਲੀ ਸਰਸ, ਸਪਸ਼ਟ ਅਤੇ ਕਲਾਤਮਕ ਬਣ ਜਾਂਦੀ ਹੈ। ਇਸ ਪ੍ਰਸੰਗ ਵਿਚ ਇਕ ਪ੍ਰਮਾਣ ਦੇਖੋ:-

ਤਬ ਬਾਬਾ ਅਤੇ ਮਰਦਾਨਾ ਉਥੋਂ ਅਗੇ ਚਲੇ ਇਕ ਉਜਾੜ ਜਾਇ ਨਿਕਲੇ॥ ਉਥੇ ਕੌਡਾ ਰਾਖਸ਼ਸ ਰਹਿਆ ਸਾ॥ ~~ਬਾਬੇ ਸਹਿਆ~~ ॥ ~~ਬਾਬੇ ਬਹੁਤ~~

ਵਿਸਤਰੀਆ ਚੌਹ ਅਲਾਉਣੀਆ ਦੀਆ॥ ਜੋ ਜੋ ਸੁਣਿਆ ਬੋਲੇ ਜਗਿ ਰਹਿ॥ ਬਾਬੇ ਸਹਿਮਿਆ॥ ਬਾਬੇ ਬਹੁਤ ਹੀ ਜਗ ਕੀਤਾ॥ ਬਾਬੇ ਕੀਤਿਆਂ ਦੀਨ ਦੇਹ ਨਗਰੀ ਦੀਨ ਦੇਹ ਵਿਸਤਰੀਆ ਜੋ ਪਰਮੇਸ਼ਰ ਦਾ ਨਾਉ ਜਪਤੀਆ ਹੈ॥

6) ਸਾਖੀਆਂ ਦੀ ਤਰਤੀਬ ਅਤੇ ਸੋਧ :- ਇਹਨਾਂ ਸਾਖੀਆਂ ਦੀ ਤਰਤੀਬ ਅਤੇ ਸੋਧ ਕਿਸੇ ਕਾਲ-ਕ੍ਰਮ ਜਾਂ ਪ੍ਰਦੇਸ਼ ਕ੍ਰਮਵਾਰ ਦੇ ਵੇਰਵਿਆਂ ਦੀ ਸਖ਼ਤੀ ਨਾਲ ਪਾਲਣਾ ਨਹੀਂ ਕੀਤੀ। ਜਨਮਸਾਖੀਕਾਰ ਨੇ ਇਹ ਪ੍ਰਯਾਸ ਕੀਤਾ ਨਹੀਂ ਲੱਗਦਾ ਕਿ ਗੁਰੂ ਜੀ ਦੀ ਉਦਾਸੀਆਂ ਦੇ ਰੂਟ ਨੂੰ ਕਿਸੇ ਤਰਤੀਬ ਵਿਚ ਰੱਖ ਕੇ ਬਿਆਨ ਕਰੇ। ਜਿਹੜੀ-ਜਿਹੜੀ ਸਾਖੀ ਉਸਦੇ ਧਿਆਨ ਵਿਚ ਆਉਂਦੀ ਗਈ ਉਸ ਨੂੰ ਆਪਣੀ ਇੱਛਾ ਅਨੁਸਾਰ ਅੱਗੇ-ਪਿੱਛੇ ਰੱਖ ਕੇ ਬਿਆਨ ਕਰਦਾ ਗਿਆ। ਇਸ ਵਿਚ ਕਥਨ ਗੁਰੂ ਬਾਬੇ ਦੇ ਜੀਵਨ ਦੀ ਇਤਿਹਾਸਿਕਤਾ ਤੋਂ ਰਹਿਤ ਹੈ। 'ਬਾਬਾ ਜੀ ਸੱਚੇ ਸਾਹਿਬ' ਤੋਂ ਬਾਅਦ ਅਗਲੀ ਸਾਖੀ ਵਿਚ ਭਾਉ ਕਰੀਆਂ ਨਾਲ ਗੋਸ਼ਟਿ ਕਰਵਾਈ ਗਈ ਹੈ ਜੋ ਬਨਾਰਸ ਵਿਚ ਸੰਭਵ ਸੀ। ਇਸ ਤਰ੍ਹਾਂ 'ਗੋਸ਼ਟਿ ਰਾਜੇ ਸ਼ਿਵਨਾਭ ਨਾਲਿ' ਵਾਲੀ ਸਾਖੀ ਆਈ ਹੈ। ਅਗਲੀ ਸਾਖੀ ਕਾਬੁਲ ਸ਼ਾਹ ਨਾਲ ਸੰਬੰਧ ਰੱਖਦੀ ਹੈ। ਇਉਂ ਇਹਨਾਂ ਸਾਖੀਆਂ ਦੀ ਤਰਤੀਬ ਤੇ ਕ੍ਰਮ ਨੂੰ ਜਨਮ-ਸਾਖੀਕਾਰ ਨੇ ਇਤਿਹਾਸਕ ਵੇਰਵਿਆਂ ਅਨੁਸਾਰ ਨਹੀਂ ਬੀਤਿਆ। ਹਰ ਸਾਖੀ ਦੇ ਸਮਾਪਤ ਹੋਣ ਤੋਂ ਬਾਅਦ ਇਹ ਦੋਹਾ ਲਿਖ ਦਿੱਤਾ ਹੈ; ਸਾਖੀ ਸੰਪੂਰਨ ਹੋਈ॥ ਸਾਖੀ ਹੋਰ ਚੱਲੀ॥

7) ਮੌਲਿਕਤਾ ਅਤੇ ਪ੍ਰਮਾਣਿਕਤਾ :- ਮੱਧਕਾਲ ਵਿਚ ਮੌਲਿਕਤਾ ਨੂੰ ਸਾਹਿਤ-ਸਿਰਜਣਾ ਦਾ ਕੋਈ ਵਿਸ਼ੇਸ਼ ਗੁਣ-ਲੱਛਣ ਨਹੀਂ ਸੀ ਮੰਨਿਆ ਜਾਂਦਾ। ਪਰੰਪਰਾਸ਼ੀਲ ਲੇਖਕ ਆਪਣੀ ਸ਼ੈਲੀ ਵਿਚ

ਸੰਪਾਦਕਤਾ ਦਾ ਗੁਣ - ਸੰਕਲਨ ਪੈਦਾ ਕਰ ਦਿੰਦੇ ਸਨ। ਜਿਹੜੇ ਇਨ੍ਹਾਂ ਸਾਖੀਆਂ ਦੀ ਰਚਨਾ ਲੋਕ ਕੇ ਸਮੂਹਿਕ ਰੂਪ ਵਿਚ ਹੋਈ ਤਾਂ ਵੀ ਇਸ ਲਿਖਤ ਦੇ ਸੰਪਾਦਕੀ ਸਿਧਾਂਤ ਤੋਂ ਅਛੂਤੀ ਨਹੀਂ ਹੈ। ਜਨਮਸਾਖੀਕਾਰ ਆਪਣੇ ਕਥਾਨਾਇਕ ਦਾ ਕਰਮ ਇਕ ਧਰਮ ਤਕਾਂ ਨਾਲ ਸਿਧਾਂਤ ਅਤੇ ਪ੍ਰਚਾਰ ਵਿਧਾਨ ਵਿਚ ਹੈ। ਪ੍ਰਮਾਣ ਵਜੋਂ ਸਿੰਗਲਾਦੀਪ ਦੇਸ਼ ਦੇ ਰਾਜੇ ਸ਼ਿਵਨਾਭ ਦੀਆਂ ਸੇਵਕੀਆਂ ਵਲੋਂ ਗੁਰੂ ਬਾਬੇ ਨੂੰ ਭਰਮਾਉਣ ਵਾਲਾ ਪ੍ਰਸੰਗ ਦੇਖੋ:

> ਚਲੀਆ ਜਾਇ ਕੋਲ ਬਾਬੇ ਦੇ ਆਸਿ ਪਾਸਿ ਖੜੀ ਗਾਵੀਆ। ਫਿਰੀਆ ਬਜਾਇਦੇ॥ ਨੈਣ ਸਿਟਕਾਇਦੇ॥ ਤਨ ਤਨ ਸੀਨੇ ਰਸੀਲੇ ਬੈਨ ਸੁਣਾਇਦੀਆ ਤਨੇ ਤਨੇ ਪਰਕਾਰ ਕੇ ਭੋਜਨ ਲੇ ਆਗੇ ਰਾਖੇ॥ ਤਨੇ ਤਨੇ ਬਸਤ੍ਰ ਤਨੇ ਤਨੇ ਸੋਇ ਜਾਇ ਆਗੈ ਰਾਖੇ॥ ਫਿਰੀਆ ਸੇਵਾ ਕਰਹਿ॥ ਕੋਈ ਬਾਰਹ ਬਰਸ ਕੀ ਕੋਈ ਸੋਲਹ ਬਰਸ ਕੀ। ਕੋਈ ਵੀਹ ਬਰਸ ਕੀ॥ ਕੋਈ ਅਠਾਰਹ ਬਰਸ ਕੀ॥ ਸਭਿ ਕੋਇਲਾ ਕੇ ਸਰੂਪ ਹੂਰ ਰਾਜੇ ਇੰਦ੍ਰ ਕੀ ਸੇਵਕੀਆਂ॥ ਮਾਨੋ ਬੈਕੁੰਠਪੁਰੀ ਕੀ ਪਾਤਰ ਨਾਇਕਾ॥ ਜਿਨ ਕੇ ਦਰਸਨ ਦੇਖੇ ਸਭ ਕੋਈ ਸਾਧ ਜਨ ਸਨਕਾਦਿਕ ਬ੍ਰਹਮਾਦਿਕ ਤਪੀ ਤਪੀਸਰ ਸਿੱਧ ਰਿਖ ਜਿਸ ਕਾ ਧਿਆਨ ਛੁਟਕਿ ਜਾਇ।

ੲ) ਪਾਤਰ - ਚਿਤ੍ਰਣ :- ਜਨਮਸਾਖੀਕਾਰ ਨੇ ਇਨ੍ਹਾਂ ਸਾਖੀਆਂ ਵਿਚ ਪਾਤਰਾਂ ਦੇ ਚਰਿਤ੍ਰ ਨੂੰ ਬੜੀ ਸੂਝ - ਬੂਝ ਅਤੇ ਕਲਾ - ਕੁਸ਼ਲਤਾ ਨਾਲ ਪੇਸ਼ ਕੀਤਾ ਹੈ। ਭਾਵੇਂ ਕਿ ਇਨ੍ਹਾਂ ਪਾਤਰਾਂ ਦੀ ਬਾਹਰੀ ਰੂਪ - ਰੇਖਾ ਅਨੁਸਾਰ ਸ਼ਕਲ - ਸੂਰਤ ਵੱਲ ਵਿਸ਼ੇਸ਼ ਤਵੱਜੋ ਨਹੀਂ ਦਿੱਤੀ, ਕੇਵਲ ਉਨ੍ਹਾਂ ਦੇ ਅੰਦਰਲੇ ਗੁਣਾਂ - ਔਗੁਣਾਂ ਦਾ ਹੀ ਵਰਣਨ ਕੀਤਾ ਹੈ, ਤਾਂ ਵੀ ਇਹ ਕਿਰਦਾਰ ਅਤਿਅੰਤ

ਸਮੂਹਿਕ ਰੂਪ ਵਿਚ ਸਾਰਥਕ ਹੋ ਗਏ ਹਨ। ਏਥੇ ਕਾਫ਼ੀ ਸੰਗੀਤਕ ਸ਼ਬਦ ਵਿਚ ਏਥੇ ਦੇ ਵਿਆਕਰਣ ਸਰੂਪ ਦੀ ਪੇਸ਼ਕਾਰੀ ਇਸ ਪ੍ਰਕਾਰ ਕੀਤੀ ਗਈ ਹੈ;

ਬਾਬੇ ਡਿਠਾ ਜਿ ਦੇਉ ਆਇਆ ਅਸਮਾਨਹੁ
ਕੇਤਾ ਜੋਰ ਕੈ ਆਇਆ॥ ਫਿਰ ਫੇਰ ਸਾਰਿਸ
ਗਇਆ ਤਾਂ ਬਾਬੇ ਇਸ ਦੇਉ ਦੇਖਿ ਡਿਠਾ॥
ਬਾਬੇ ਦੇ ਵੇਖਦੇ ਨਾਲਿ ਵਿਚਿ ਉਡਿਆ ਜਿਉ
ਵਿਰਲੇ ਵਿਚ ਪੰਛ ਫਿਰਤਾ ਹੈ॥ ਤਬ ਉਤੇ ਕੇ
ਵਿਸਿਆ ਵਿਸਿਆ ਬਾਬੇ ਦੇ ਅਗੇ ਆਇ
ਡਿਗਿਆ ਪੈਰ ਆਪ ਫੜ ਹਰਿਤਸ ਨਾਲੇ॥
ਤਾ ਬਾਬਾ ਮਿਹਰਵਾਨ ਹੋਇਆ॥

9) ਗੱਦ ਸ਼ੈਲੀ:- ਬੀ-40 ਜਨਮਸਾਖੀ ਦੀ ਗੱਦ ਸ਼ੈਲੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਬਿਰਤਾਂਤ ਨਾਲ ਸੰਬੰਧਤ ਹੋਰ ਜਨਮਸਾਖੀਆਂ ਦੀ ਸ਼ੈਲੀ ਨਾਲ ਮਿਲਦੀ ਜੁਲਦੀ ਹੈ। ਭਾਸ਼ਾ ਵਿਗਿਆਨੀਆਂ ਨੇ ਇਸ ਭਾਸ਼ਾ ਨੂੰ 'ਸਾਧ ਭਾਸ਼ਾ' ਜਾਂ 'ਸਧੁਕੜੀ' ਕਿਹਾ ਹੈ। ਅਜੋਕੇ ਸਮੇਂ ਨੇ ਇਸ ਨੂੰ ਪਿਛਲੀ ਆਖਿਆ ਹੈ। ਸੇਵੀ ਸਿਰਬਾਣ ਨੇ ਇਸ ਭਾਸ਼ਾ ਨੂੰ 'ਮਿਸ਼ਰੀ' ਭਾਸ਼ਾ ਦਾ ਨਾਮ ਦਿੱਤਾ ਹੈ। ਇਹਦੇ ਬਾਰੇ ਭਾਸ਼ਾ ਹੈ ਜੋ ਡਾ. ਮੋਹਨ ਸਿੰਘ ਦੀਵਾਨਾ ਦੇ ਕਥਨ ਅਨੁਸਾਰ

"ਗੱਦ ਕਾਫ਼ ਤੇ ਸਾਰੇ ਉਤਰੀ
ਭਾਰਤ ਵਿਚ ਵਿਸ਼ਾਲੀ ਅਤੇ
ਸੰਤ-ਅਨੰਤ ਸਦੀਆਂ ਤੋਂ
ਨਿਸ਼ਚਤੀ ਭਾਸ਼ਾ ਦੇ ਰੂਪ
ਵਿਚ ਪ੍ਰਚਲਿਤ ਰਹੀ।"
(ਪੰਜਾਬੀ ਭਾਸ਼ਾ ਤੇ ਕਹਾਣੀਕਾਰੀ,
ਪੰਨਾ 18)

ਇਸ ਭਾਸ਼ਾ ਵਿੱਚ ਇਸ ਦੁਆਰਾ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ : ਲਹਿੰਦੀ, ਜੈਪੁਰੀ, ਪੂਰਬੀ ਬੋਲੀ, ਬ੍ਰਜੀ, ਗੁਜਰਾਤੀ ਅਰਬੀ ਅਤੇ ਮਰਾਠੀ ਦੇ ਅੰਸ਼ ਰਲੇ - ਮਿਲੇ ਹਨ।

ਡਾ: ਪਿਆਰ ਸਿੰਘ ਇਸ ਭਾਸ਼ਾ ਦਾ ਵਿਸ਼ਲੇਸ਼ਣ ਕਰਦਾ ਹੋਇਆ ਲਿਖਦਾ ਹੈ ਕਿ ਪ੍ਰਗਟਨ ਪੰਜਾਬੀ ਗੱਦ ਤਿੰਨ ਨਿਖੜਵੀਆਂ ਸ਼ੈਲੀਆਂ ਦਾ ਪਤਾ ਦਿੰਦੀ ਹੈ। ਧਾਰਮਿਕ ਵਿਚ ਸ਼ੈਲੀ ਹੈ ਜੋ ਵਿਦਵਾਨ ਲਿਖਾਰੀਆਂ ਅਤੇ ਉਪਾਸ਼ਕਾਂ ਨੇ ਵਿਕਸਿਤ ਕੀਤੀ। ਸੰਸਕ੍ਰਿਤ ਤੇ ਬ੍ਰਜ ਭਾਸ਼ਾ ਵਿਚ ਬਣੇ ਹੋਣ ਕਰਕੇ ਇਨ੍ਹਾਂ ਦੀਆਂ ਲਿਖਤਾਂ ਬ੍ਰਜ - ਫ਼ਦੀ ਭਾਸ਼ਾ ਵਿਚ ਹਨ। ਜਿਵੇਂ ਕਿ ਕੋਈ ਰੂਪ ਸੀ ਪ੍ਰਚਲਤ ਪੰਜਾਬੀ ਤਾਰ ਸਾਰਦੀ ਹੈ। ਦੂਸਰੀ ਸ਼ੈਲੀ ਠੇਠ ਪੰਜਾਬੀ - ਬੋਲੀ ਵਿਚ ਹੀ ਹੈ। ਪ੍ਰਗਟਨ ਜਨਮ-ਸਾਖੀ, ਆਦਿ ਸਾਖੀਆਂ, ਮਿਹਰਬਾਨ ਵਾਲੀ ਜਨਮਸਾਖੀ ਇਸੇ ਭਾਸ਼ਾ - ਸ਼ੈਲੀ ਦੀ ਪ੍ਰਤੀਨਿਧਤਾ ਕਰਦੀਆਂ ਹਨ। ਬੀ-੪੦ ਜਨਮਸਾਖੀ ਵਿੱਚ ਵਰਤੀ ਗਈ ਸ਼ੈਲੀ ਸਧੂਕੜੀ ਦੀ ਇਸ ਵੰਨਗੀ ਨਾਲ ਸੰਬੰਧਿਤ ਹੈ। ਤੀਜੀ ਸ਼ੈਲੀ ਮਿਲਵੀਂ - ਮਿਸ਼ਰਤ ਪੰਜਾਬੀ ਵਾਲੀ ਹੈ। ਬੀ-੪੦ ਵਿਚ ਜਨਮਸਾਖੀਕਾਰ ਨੇ ਪ੍ਰਸੰਗ ਅਨੁਸਾਰ ਸ਼ੈਲੀ ਦੀ ਬਹੁਰੰਗੀ ਵਰਤੀ ਗਈਆਂ ਹੈ, ਜੋ ਉਸਦੇ ਵਿਚ ਕੁਸ਼ਲ ਸ਼ੈਲੀਕਾਰ ਹੋਣ ਦਾ ਪ੍ਰਮਾਣ ਹੈ। ਹੇਠ ਲਿਖੇ ਪ੍ਰਸੰਗ ਵਿਚ ਕੇਂਦਰੀ ਪੰਜਾਬੀ ਭਾਸ਼ਾ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਦੇਖੋ:

ਤਬ ਬਾਬਾ ਸਰੀ ਰੁਮਾਇ ਗਇਆ॥ ਜਾਇ ਕੈ ਰਬਾਬ ਲੈ ਆਇਆ॥ ਫੇਰ ਮਰਦਾਨੇ ਵਿਚ ਗਇਆ॥ ਸਰੀ ਛਡਿ ਕਰਿ ਆਪਿ ਕੋਠੇ ਦੇ ਬਾਹਰਿ ਆਇ ਸੁਤਾ॥ ਸਰੀ ਕੋਠੇ ਨੂੰ ਜਾਇ ਪਈਆ॥ ਕੋਠੇ ਨੂੰ ਜਾਇ ਗਈਆ॥ ਕੋਠਾ ਉਜੜੀ॥ ਕੋਠੇ ਦਾ ਦੁਮਸੁ ਆਇ ਨਿਕਲਿਆ॥ ਪਤਰ ਵਾਲੇ ਧਾ ਰੁਦਨ ਆਖਿਆ॥ ਭਾਈ ਜੀ ਪਤਰ ਅਸਾਡੀ ਤਪਿ ਨਿਤ ਉਜਾੜੀ॥ ਇਸ ਉਜਾੜੇ ਦਾ ਤੂ ਜਵਾਬ ਦੇਹਿ॥

(ਖੇਤ ਹਰਿਆ ਕੀਤਾ)

ਸੁਸ਼ਮਾਨ ਪਾਤਰਾਂ ਨਾਲ ਸੰਬੰਧ ਰੱਖਦੇ ਢਾਲੇ
ਛੰਦਿਆਂ ਨੂੰ ਮਾਲੀਵਾਰ ਨੇ ਕਾਮਸੀ ਸਿਮੀਸਤ
ਸ਼ਬਦਾਵਲੀ ਦੁਆਰਾ ਰੂਪਮਾਨ ਕੀਤਾ ਹੈ। ਦੇਖੋ:

ਸਾਰ ਅਬਦਾਲ ਦਰਮਾਨ ਨਾਲਿ ਗੋਸਟ ਹੈ ਕੀ॥
ਬਾਤ ਪਕੜੇ ਆਪ ਵਿਚ ਸੰਗੀਨ (ਖੁਸ਼) ਹੋਇ
ਗਏ॥ ਤਾਂ ਸਾਰ ਅਬਦਾਲ ਦਰਮਾਨ ਆਸ਼ਿਕਾਂ
ਨੇ ਐਸੀ ਗਰਦਨਾਂ (ਇਸ਼ਕ, ਸ਼ਾਨ) ਹੋਇ
ਚੱਕਰ ਚਲਾਇ ਕੇ ਪਿਆਰੇ ਦਾ ਹੋ ਗਿਆ॥
ਕਰ ਤਸਲੀਆ (ਵਿਸਮਤ) ਨੇਕ ਆਰ ਅਸਾਡੀ
ਸਆਦਤ (ਚੰਗੀ ਭਾਗ) ਆਰੀ॥

ਫ਼ਾਰਸੀ ਭਾਸ਼ਾ ਦੀ ਸ਼ਬਦਾਵਲੀ ਦੀ ਕਾਫ਼ੀ ਮਾਤਰਾ
ਵਿਚ ਵਿਸਲੇਸ਼ਣ ਹੋਈ ਹੈ। ਇਸ ਸਮੇਂ ਫ਼ਾਰਸੀ
ਭਾਸ਼ਾ ਦੇ ਸਾਹਿਤਕ ਪੱਖ ਕਾਫ਼ੀ ਪ੍ਰਗਤੀ ਕਰ ਰਹੀ
ਸੀ। ਇਸ ਭਾਸ਼ਾ ਦੀ ਕੁਝ ਸ਼ਬਦਾਵਲੀ ਦੇਖੋ: ਆਇ-
ਲਸ, ਕੀਤੇਸ, ਤਿਲੇਸ, ਰਖਸੀ, ਚਲਸੀ, ਦੇਖਾਰ,
ਫ਼ਸਾਰ, ਧਿਨ, ਛੇਕੜ ਆਦਿਕ।

ਬੋਲੀ ਅਤੇ ਅਦਾਪੀ ਦੀਆਂ
ਕੁਝ ਰੂਪ-ਬਣਤਰਾਂ ਦੀ ਪ੍ਰਾਪਤ ਹੁੰਦੀਆਂ
ਹਨ। ਜਿਵੇਂ: ਜਿਥੈ, ਤਿਥੈ, ਦੂਜੈ, ਕਿਸੈ, ਕਿਵੇਂ, ਜਦਾਹੇ,
ਆਦੇ, ਕਰੇ, ਦੇਵੇ, ਹੋਵੇ, ਪੁਛੇ, ਚੀਜ਼ਾਂ ਸੀਆਂ, ਪੁੜੀਆਂ,
ਆਰਾਧੀਆਂ ਆਦਿ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ
ਪੁਰਾਤਨ ਪੰਜਾਬੀ ਵਾਰਤਕ ਵਿਚ ਮਿਲਦੀਆਂ ਹੋਰ ਜਨਮ-
ਸਾਖੀਆਂ ਦੇ ਢਾਂਗ-ਬੀ-40 ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ
ਜੀ ਪੰਜਾਬੀ ਵਾਰਤਕ ਦੀ ਇਕ ਅਨਮੋਲ ਪ੍ਰਾਪਤੀ ਹੈ। ਇਹ
ਰਚਨਾ ਪੰਜਾਬੀ ਵਾਰਤਕ ਦੇ ਵਿਕਾਸ ਦੀ ਸੂਚਕ ਹੈ। ਗੁਰੂ ਨਾਨਕ
ਦੇਵ ਜੀ ਦੇ ਜੀਵਨ ਬਿਰਤਾਂਤ ਨੂੰ ਬਿਆਨ ਕਰਨ ਕਰਕੇ ਜਿੱਥੇ ਇਹ
ਇਕ ਇਤਿਹਾਸਕ ਦਸਤਾਵੇਜ਼ ਦਾ ਦਰਜਾ ਰੱਖਦੀ ਹੈ। ਉੱਥੇ
ਸਾਹਿਤਕ ਦ੍ਰਿਸ਼ਟੀ ਤੋਂ ਵੀ ਇਹ ਮਹੱਤਵਪੂਰਨ ਰਚਨਾ ਹੈ।
ਇਸ ਉੱਪਰ ਜਿਤਨਾ ਮਾਣ ਕੀਤਾ ਜਾਵੇ, ਥੋੜ੍ਹਾ ਹੈ।